Б P
1965
P

राष्ट्रीय अभिलेखागार पुस्तकालय
NATIONAL ARCHIVES LIBRARY
भारत सरकार
Government of India
नई दिल्ली
New Delhi

1059
बा/81

आह्वानांक Call No.
अवाप्ति सं० Acc. No. 1965

੧ ਓ ਸਤਿਗੁਰਪ੍ਰਸਾਦਿ ॥

# ਜ਼ੁਲਮ ਦੇ ਬਾਣ

Gurmukhi



ਅਰਥਾਤ

## ਗਵਰਮਿੰਟੀ ਇਨਸਾਫ ਦੀਆਂ

## ਨੌਂ ਝਾਕੀਆਂ

ਕਰਤਾ ਤੇ ਪ੍ਰਕਾਸ਼ਕ।

**ਹਰਨਾਮ ਸਿੰਘ 'ਮਸਤ ਪੰਛੀ'**

ਪਿੰਡ ਤੇ ਡਾ: ਅਦਲੀ ਵਾਲਾ, ਜ਼ਿਲਾ ਅੰਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

# ਜ਼ੁਲਮ ਦੇ ਬਾਣ

ਅਰਥਾਤ

## ਗਵਰਮਿੰਟੀ ਇਨਸਾਫ਼ ਦੀਆਂ ਨੌ ਝਾਕੀਆਂ


ਕਰਤਾ

"ਹਰਨਾਮ ਸਿੰਘ ਮਸਤ ਪੰਛੀ"

ਪਿੰਡ ਤੇ ਡਾਕ: ਅਦਲੀਵਾਲਾ

ਜ਼ਿਲਾ ਅੰਮ੍ਰਿਤਸਰ



"ਸੂਦ ਪ੍ਰਿੰਟਿੰਗ ਪ੍ਰੈਸ" ਅੰਮ੍ਰਿਤਸਰ ਵਿਚ ਸਰਦਾਰ ਠਾਕਰ ਸਿੰਘ "ਸੂਦ" ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

NATIONAL ARCHIVES LIBRARY
No 1965
Date 1-2-72
GOVT. OF INDIA

ੴ ਸਤਿਗੁਰਪ੍ਰਸਾਦਿ ॥

ਦੋਹਰਾ

ਆਦਿਗੁਰੂਨੂੰਬੰਦਨਾਂ [illegible] ਮੈਂ ਹਿਤਚਿਤਲਾ

ਬੁਧ ਬਲਬਖਸ਼ੇ ਦਾਸਨੂੰ ਮਮਪਰ ਹੋਸਹਾ।

ਹਾਲਲਿਖੂੰਮੈਂ ਜ਼ੁਲਮਦਾਜੋ ਵਰਤੇ ਸੰਸਾਰ।

ਨਾਲਖਾਲਸੇਵਾਪ੍ਰੀਅਦਮਤਸ਼ੱਦਦਨਾਲ।

# ੧੯੧੩ ਦੀ ਝਾਕੀ

ਨੰ: ੫

## ਹਾਲਦਿੱਲੀ ਰਕਾਬਗੰਜ ਦੀ ਕੰਧ ਦਾ

---

ਵੇਖ ਜ਼ੁਲਮ ਦਾ ਮਾਹਨੇ ਬਾਣ ਲੱਗਾ,
ਸਿੱਖ ਕੌਮ ਦੇ ਸੀਨੇ ਦੇ ਵਿੱਚ ਪਹਿਲਾਂ।
ਨਾਵੇਂ ਗੁਰੂ ਦੇ ਜਾ ਦਰਬਾਰ ਅੰਦਰ,
ਕੀਤਾ ਸਿੱਖਾਂ ਦੇ ਤਾਈਂ ਇਨ ਜਿਵੇਂ ਪਹਿਲਾਂ।
ਕੰਧ ਓਸਦੀ ਵੇਖ ਗਰੌਨ ਲੱਗ ਪਏ,
ਸੰਨ ਈਸਵੀ ਤੇਰਾਂ ਦੇ ਵਿੱਚ ਪਹਿਲਾਂ।

ਮੂੰਹੋਂ ਕੱਢਦਾ ਜੇਹੜਾ ਅਵਾਜ਼ ਸੱਚੀ,
ਓਹਨੂੰ ਪਾਂਵਦੇ ਪਿੰਜਰੇ ਖਿੱਚ ਪਹਿਲਾਂ॥੧॥
ਚਿੜੀ ਸੋਨੇ ਦੀ ਨਾਮ'ਰਣਧੀਰ'ਸੋਹਣਾ,
ਜਿੰਨੂ ਗਾਂਵਦਾ ਸਾਰਾ ਜਹਾਨ ਸਾਈਆਂ।
ਐਪਰ ਏਸਨੂੰ ਓਹ ਨਾ ਭਾਂਵਦਾ ਏ,
ਦੂਲੇ ਪੰਥ ਦਾ ਸੋਹਣਾ ਦ੍ਵਾਨ ਸਾਈਆਂ।
ਸਾਰੀ ਉਮਰ ਦੀ ਕੈਦ ਸੁਣਾਣ ਓਹਨੂੰ,
ਹੈਂ ਸਜਾਰੇ ਏਹ ਤਰਸ ਨਾ ਖਾਣ ਸਾਈਆਂ।
ਓਹਨੂੰ ਪੁੱਛ ਖਾਂ ਜੇਹਲ ਦੇ ਵਿੱਚ ਜਾਕੇ,
ਕਿਵੇਂ ਗੁਜ਼ਰਦੀਹੈ ਗੁਜ਼ਰਾਨ ਸਾਈਆਂ।੨।
ਏਦੂੰ ਵਧਕੇ ਵੇਖਣਾ ਹਾਲ ਜੇਕਰ,
ਆਕੇ ਵੇਖਲੈ ਆਪਣੀ *ਬੱਚੜੀ ਦਾ।
ਸਾਈਂ ਭੇਜਕੇ ਜੇਹਲ ਦੇ ਵਿੱਚ ਮੇਰਾ,
ਘਰ ਲੁੱਟਿਆ ਫੇਰ ਕੁਚੱਜੜੀ ਦਾ।

---

*ਭਾਈ ਰਣਧੀਰ ਸਿੰਘ ਜੀ ਦੀ ਸਪੁਤ੍ਰੀ ਜਿਸ ਦੀ ਪਾਲਨਾ ਹੁਣ ਸਿਖ ਲੋਗ ਕਰ ਰਹੀ ਹੈ।

ਨਾਲੇ ਵਤਨ ਤੋਂ ਮੈਂ , ਬੇਵਤਨ ਕੀਤੀ,
†ਮਾਲ ਜ਼ਬਤ ਕੀਤਾ ਏਸ ਤੱਤੜੀ ਦਾ।
ਸਾਈਂ ਮੇਹਰ ਦੀ ਨਿਗ੍ਹਾ ਦੇ ਨਾਲ ਤੱਕਕੇ,
ਬੇੜਾ ਪਾਰ ਕਰਦੇ ਏਸ ‡ਸੱਚੜੀ ਦਾ।੩।
ਡੇਪੂਟੇਸ਼ਨਾਂ ਉਤੇ ਸੀ ਜ਼ੋਰ ਸਾਡਾ,
ਮੰਨੀ ਇੱਕ ਨ ਏਸ ਨੇ ਗੱਲ ਸਾਡੀ।
ਅੱਗੋਂ ਧਮਕੀਆਂ ਨਾਲ ਡਰਾਉਣ ਲੱਗਾ,
§ਉੱਚੀ ਬੋਲਕੇ ਆਪਣਾ ਵੱਲ ਸਾਡੀ।
ਚੀਪੜ ਪਾਲਟੀਤਾਈਂ ਏਹ ਸੱਦ ਕੈਂਹਦਾ,
ਧਰਮ ਵੇਚਕੇ ਆਓ ਖਾਂ ਵੱਲ ਸਾਡੀ।
ਉਨ੍ਹਾਂ ਕੱਢ ਏਲਾਨ ਏਹ ਜ਼ੁਲਮ ਕੀਤਾ,
ਸ਼ਾਨ ਵਧੇਗੀ ਜੰਗਲੇ ਨਾਲ ਸਾਡੀ।੪।
ਸਾਨੂੰ ਦੇਂਵਦਾ ਸਦਾ ਤੂੰ ਮਾਨ ਰਿਹੋਂ,
ਕੰਮ ਆਪਣਾ ਆਪ ਸਵਾਰ ਕਰਕੇ।

---

†ਜਾਇਦਾਤ ਜ਼ਬਤ। ‡ਪਤਿਬ੍ਰਤਾ।
§ਗੁਰਮਤੇ ਦੀ ਨਕਲ।

ਬੰਦੇ ਧਰਮੀ ਤੂੰ ਸਦਾ ਉਬਾਰਦਾਏਂ,
ਪਾਪੀ ਮਾਰਦਾ ਰਣੇ ਖੁਵਾਰ ਕਰਕੇ।
ਲਾਇਲਪੁਰੀ ਜੋ ਸਿੰਘ ਹਰਚੰਦ ਸੋਹਣਾ,
ਵੇਖ ਗੱਜਿਆ ਕਿਵੇਂ ਲਲਕਾਰ ਕਰਕੇ।
ਪੈਜ ਸੇਵਕਾਂ ਆਪ ਤੂੰ ਰੱਖਦਾ ਏਂ,
ਪੰਥੀ ਜਾਂਵਦਾ ਕੰਧ ਤਿਆਰ ਕਰਕੇ ॥੫॥

੧੯-੭-੧੪ ਦੀ ਝਾਕੀ

ਨੰਬਰ ੨

## ਹਾਲ ਬਜਬਜ ਘਾਟ ਦਾ

ਤੇਰੇ ਨਾਮ ਨੂੰ ਰੌਸ਼ਨ ਕਰਾਣ ਬਦਲੇ,
ਵੇਖ ਚੱਲਿਆ ਸਿੰਘ ਜਵਾਨ ਸੋਹਣਾ।
ਨਾਲ ਲੈਕੇ ਫੌਜ ਅਕਾਲੀਆਂ ਦੀ,
ਕਿਵੇਂ ਗੱਜਿਆ ਵਿੱਚ ਮਦਾਨ ਸੋਹਣਾ।
ਬੇਇਤਫਾਕੀ ਨੂੰ ਪੁੱਟਕੇ ਦੇਸ ਵਿੱਚੋਂ,

ਲੱਗਾ ਏਕਤਾ ਫੇਰ ਚਲਾਨ ਸੋਹਣਾ।
ਨਾਨਕ ਗੁਰੂ ਜਹਾਜ਼ ਚਲਾਣ ਖਾਤਰ,
ਕੀਤਾਆਪਣਾਆਪਕੁਰਬਾਨਸੋਹਣਾ॥੧॥
ਰੱਖ ਆਸਰਾ ਇਕ ਕਰਤਾਰ ਤੇਰਾ,
ਚੱਲੇ ਵਾਹਿਗੁਰੂ ਫਤੇ ਗਜਾਨ ਓਥੇ।
ਕੈਨੇਡਾ ਦੇਵੀ ਦੇ ਤਾਈਂ ਮਨੌਣ ਚੱਲੇ
ਹਿੰਦੂ ਸਿਖ ਅਤੇ ਮੁਸਲਮਾਨ ਓਥੇ
ਜੀ ਆਯਾਂ ਨੂੰ ਆਖਣੇ ਲਈ ਅੱਗੇ,
*ਸ਼ੇਰ ਨਾਮੀ ਜਹਾਜ਼ ਦਖਾਨ ਓਥੇ।
ਵੇਖ ਜ਼ੁਲਮ ਤੇ ਓਨ੍ਹਾਂ ਨੇ ਲੱਕ ਬੱਧਾ,
ਧਰਮੀ ਬੰਦਿਆਂ ਤਾਈਂ ਸਤਾਨ ਓਥੇ॥੨॥
ਜਾਂ ਫਿਰ ਵੇਖਿਆ ਏਥੇ ਨਾ ਜ਼ੋਰ ਸਾਡਾ,
ਆਖਰ ਪਿਛਾਂ ਨੂੰ ਪੈਰ ਹਟਾਏ ਓਨ੍ਹਾਂ।
ਜਾਕੇ ਮੁਲਕ ਦੇ ਵਿੱਚ ਫਰਿਆਦ ਕਰਸਾਂ,

---

*ਲੜਾਈ ਵਾਲਾ ਜਹਾਜ਼ ਅਰਥਾਤ ਮਾਨਵਰ।

ਏਹ ਦਿਲ ਦੇ ਖਿਆਲ ਦੁੜਾਏ ਓਨ੍ਹਾਂ।
ਬਜਬਜ ਘਾਟ ਤੇ ਪਹੁੰਚਦੇ ਆਣਮੁੜਕੇ,
ਅੱਗੋਂ ਮਾਰਕੇ ਦੇਹ ਮੁਕਾਏ ਓਨ੍ਹਾਂ।
ਕਈ ਮਾਰੇ ਤੇ ਕਈਆਂ ਨੂੰ ਜੇਲ੍ਹ ਦਿੱਤਾ,
ਨਾਲੇ ਫਾਂਸੀ ਤੇ ਚਾ ਲਟਕਾਏ ਓਨ੍ਹਾਂ ॥੩॥
ਜਿਨੂੰ ਰੱਖਦਾ ਆਪ ਕਰਤਾਰ ਸੱਚਾ,
ਓਹਨੂੰ ਮਾਰਕੇ ਕੌਣ ਮੁਕੌਣ ਵਾਲਾ।
ਆਖਰ ਹੋਂਵਦਾ ਜੱਗ ਦੇ ਵਿੱਚ ਰੋਸ਼ਨ,
ਜੇਹੜਾ ਧਰਮ ਦੇ ਤਾਈਂ ਨਿਭੌਣ ਵਾਲਾ।
ਬੇੜਾ ਓਸਦਾ ਸਦਾ ਹੀ ਗ਼ਰਕ ਹੁੰਦਾ,
ਜੇਹੜਾ ਧਰਮੀਆਂ ਤਾਈਂ ਸਤੌਣ ਵਾਲਾ।
ਬਾਂਹ ਪਕੜਕੇ ਭਗਤ ਦੀ ਕੱਢ ਲੈਂਦਾ,
ਪਾਪੀ ਡੁੱਬਦਾ ਪਾਪ ਕਮੌਣ ਵਾਲਾ ॥ ੪ ॥
ਬਾਬੇ ਮੰਗਿਆ ਜਦੋਂ ਹਸਾਬ ਆਕੇ,
ਲੱਗੇ ਦੇਣ ਕੀ ਓਹਨੂੰ ਜਵਾਬ ਅੱਗੋਂ।

ਤੇਰੇ ਵਾਸਤੇ ਗੱਲ ਹੈ ਇਹੋ ਚੰਗੀ,
ਜੇਲ੍ਹ ਵਾਸਤੇ ਰਹੋ ਤਿਆਰ ਅੱਗੋਂ।
ਬਾਹਰ ਰੈਹਣਾ ਹੈ ਬਹੁਤ ਮੁਹਾਲ ਤੇਰਾ,
ਵਿੱਚ ਕੋਠੜੀ ਕਰੋ ਨਵਾਸ ਅੱਗੋਂ।
ਜਾਂ ਫਿਰ ਲਿਖਦੇਹ ਕਲਮ ਦੇ ਨਾਲ ਸਾਨੂੰ,
ਮੇਰਾ ਕੋਈ ਨਹੀਂ ਰਿਹਾ ਹਸਾਬ ਅੱਗੋਂ ॥੫।
ਸ਼ੇਰ ਗੱਜਦਾ ਜੇਹਲ ਦੇ ਵਿੱਚ ਬੈਠਾ,
ਝੂਠ ਬੋਲਦਾ ਨਹੀਂ ਜ਼ਬਾਨ ਵਿੱਚੋਂ।
ਅਨਲਹੱਕ ਦਾ ਸਬਦ ਹੀ ਬਾਹਰ ਨਿਕਲੇ,
ਇਸ ਬੰਦੇ ਦੀ ਸਦਾ ਜ਼ਬਾਨ ਵਿੱਚੋਂ।
ਪੋਲ ਖੁੱਲ੍ਹਦੇ ਆਪਣੇ ਵੇਖ ਅੱਗੋਂ,
ਹੁਕਮ ਦੇਂਵਦੇ ਕੀ ਜ਼ਬਾਨ ਵਿੱਚੋਂ।
ਪੰਜ ਸਾਲ ਦੇ ਲਈ ਤੂੰ ਹੋ ਅੰਦਰ,
ਮਸਤ ਵੇਖਾਂਗੇ ਫੇਰ ਕਰਾਨ ਵਿੱਚੋਂ ॥੬॥

੧੩-੩-੧੯ ਦੀ ਝਾਕੀ

ਨੰਬਰ ੩

# ਜਲ੍ਹਿਆਂ ਵਾਲੇ ਬਾਗ਼ ਦਾ ਹਾਲ

ਕਲਗੀ ਵਾਲਿਆ! ਦੇਸ ਪੰਜਾਬ ਤਾਈਂ,
ਜ਼ਾਲਮ ਮਾਰਕੇ ਵੇਖ ਮੁਕਾਨ ਲੱਗ ਪੈ।
ਵਿੱਚ ਜਲ੍ਹਿਆਂ ਬਾਗ਼ ਦੇ ਆਨ ਕਰਕੇ,
ਵੇਖੋ ਜ਼ੁਲਮ ਦੇ ਤੀਰ ਚਲਾਨ ਲੱਗ ਪੈ।
ਗੋਲੀ ਮਾਰਕੇ ਕਾਲਜੇ ਵਿੱਚ ਜ਼ਾਲਮ,
ਅਤੇ ਭੁੱਖਿਆਂ ਤਾਈਂ ਸਤਾਨ ਲੱਗ ਪੈ।
ਜੇਹੜਾ ਜ਼ੁਲਮ ਦੀ ਕਰੇ ਹਿਮੈਤ ਬਹੁਤੀ,
ਓਨੂੰ ਆਪਣਾ ਯਾਰ ਬਣਾਨ ਲੱਗ ਪੈ॥੧॥
ਭਾਰੇ ਵਿੱਡਾਂ ਦੇ ਸਾਨੂੰ ਚਲਾਣ ਲੱਗ ਪੈ,
ਇੱਜ਼ਤ ਸਾਡੀ ਨੂੰ ਖ਼ਾਕ ਮਲਾਨ ਲੱਗਪੈ।
ਡਾਇਰ ਕਾਤਲ ਨੂੰ ਮਿਲੇ ਅਨਾਮ ਭਾਰਾ,

ਸਮਿਥ ਜਹੇ ਭੀ ਕੈਹਰ ਕਮਾਨ ਲੱਗ ਪੈ।
ਮੀਆਂ ਵਾਲੜੀ ਨਗਰ ਦੇ ਵਿੱਚ ਜਾਕੇ,
ਘੁੰਡ ਚੁੱਕਕੇ ਥੁੱਕ ਥੁਕਾਨ ਲੱਗ ਪੈ।
ਧੀਆਂ ਭੈਣਾਂ ਦੇ ਘੁੰਡ ਲੁਹਾ ਜ਼ਾਲਮ,
ਫੋਟੋ ਲੈ ਇੰਗਲੈਂਡ ਪੁਚਾਨ ਲੱਗਪੈ॥੨॥
ਏਸ ਦੇਸ ਤੋਂ ਪਕੜਕੇ ਧਰਮੀਆਂ ਨੂੰ,
ਵਿੱਚ ਜੇਹਲ ਦੇ ਕਿਵੇਂ ਧਕਾਨ ਲੱਗਪੈ।
ਬੇਗੁਨਾਹ ਨੂੰ ਫਾਂਸੀ ਚੜ੍ਹਾਨ ਲੱਗ ਪੈ,
ਅਤੇ ਪਾਪੀਆਂ ਗਲੇ ਲਗਾਨ ਲੱਗ ਪੈ।
ਡਾਕਟਰ ਕਿਚਲੂ ਸਤਿਆਪਾਲ ਫੜਕੇ
ਮਦਨ ਮੋਹਨ ਤੇ ਗੋਲੀ ਚਲਾਨ ਲੱਗਪੈ।
ਪੰਛੀ ਚੈਹਕਦੇ ਪਕੜਕੇ ਬਾਗ਼ ਵਿੱਚੋਂ,
ਜ਼ਾਲਮ ਪਿੰਜਰੇ ਵਿੱਚ ਨੇ ਪਾਨ ਲੱਗਪੈ॥੩॥

੧੯-੨-੨੧ ਦੀ ਝਾਕੀ

ਨੰਬਰ ੪

# ਨਨਕਾਣੇ ਸਾਹਿਬ ਦਾ ਹਾਲ

ਕਹਿਰ ਵੇਖ ਨਨਕਾਣੇ ਦੇ ਵਿੱਚ ਜਾਕੇ,
ਕਿਵੇਂ ਧਰਮੀਆਂ ਤਾਈਂ ਸਤਾਂਵਦੇ ਨੇ।
ਤੇਰੇ ਜਨਮ ਅਸਥਾਨ ਦੇ ਵਿੱਚ ਗੁਰਜੀ,
ਕਿਵੇਂ ਕੀਮੀਆਂ ਪਏ ਬਨਾਂਵਦੇ ਨੇ।
ਜੀਊਂਦੇ ਪਕੜਕੇ ਚਾ ਜਲਾਂਵਦੇ ਨੇ,
ਮਾਸ ਸੀਖਾਂ ਦੇ ਨਾਲ ਟੰਗਾਂਵਦੇ ਨੇ।
ਦੋ ਸੌ ਬਾਂਕੜੇ ਗੁਰੂ ਜੀ ਲਾਲ ਤੇਰੇ,
ਵਿੱਚ ਆਵੀਆਂ ਝੁੱਕ ਸੁਟਾਂਵਦੇ ਨੇ ॥੧॥
ਨਰੈਣੂ ਪਾਪੀ ਨੇ ਕੀਤਾਏ ਕੰਮ ਜੇਹੜਾ,
ਤਾਰ ਓਸਦੀ ਉੱਤੋਂ ਹਲਾਂਵਦੇ ਨੇ।
ਦੇਂਦੇ ਹੌਂਸਲੇ ਕਿਰੀ ਤੇ ਕਿੰਗ ਉਸਨੂੰ,

ਏਹਦੇ ਵਿੱਚ ਉਹ ਹੱਥ ਰਖਾਂਵਦੇ ਨੇ।
ਝੂਠ ਦੇਸ ਦੇ ਵਿੱਚ ਫੈਲਾਨ ਖਾਤਰ,
ਲੈਕੇ ਵੱਢੀਆਂ ਪਾਪ ਕਮਾਂਵਦੇ ਨੇ।
ਬੰਦੂਕ ਛਵ੍ਹੀ ਪਿਸਤੌਲ ਤਲਵਾਰ ਨੇਜਾ,
ਹੱਥ ਕਾਤਲਾਂ ਏਹ ਫੜਾਂਵਦੇ ਨੇ ॥ ੨ ॥
ਧਾਰੋਵਾਲ ਤੋਂ ਚੱਲਕੇ ਸਿੰਘ ਲਛਮਨ,
ਜਾ ਪਹੁੰਚਦਾ ਗੁਰੂ ਦਰਬਾਰ ਜੇਹੜੇ।
ਦੋ ਸੌ ਵੀਰ ਸਨ ਲਾਡਲੇ ਮਾਂ ਜਾਏ,
ਤੇਰੇ ਦਰ ਤੋਂ ਹੋਏ ਨਸਾਰ ਜੇਹੜੇ।
ਕੀਮਾ ਉਨ੍ਹਾਂ ਦਾ ਦੁਸ਼ਟ ਬਨਾਂਵਦੇ ਨੇ,
ਨੌਕਰਸ਼ਾਹੀ ਦੇ ਯਾਰ ਬਦਕਾਰ ਜੇਹੜੇ।
ਪਾਪੀ ਦੇਸ ਦੇ ਵਿੱਚ ਬਹਾਰ ਕਰਦੇ,
ਮਸਤ ਧਰਮ ਦੇ ਜੇਲ੍ਹ ਵਿਚਕਾਰ ਜੇਹੜੇ॥੩॥

੧੯੨੧ ਦੀ ਝਾਕੀ

ਨੰਬਰ ੫

# ਚਾਬੀਆਂ ਦਾ ਮੁਆਮਲਾ

ਤੇਜ ਪੰਥ ਦਾ ਵਧਿਆ ਵੇਖ ਜ਼ਾਲਮ,
ਅੱਗੋਂ ਜ਼ੁਲਮ ਦੇ ਤੀਰ ਚਲੌਨ ਲੱਗਪੇ।
ਨੌਕਰਸ਼ਾਹੀ ਦੀ ਵੇਖ ਲੌ ਮੱਤ ਮਾਰੀ,
ਜੇਹੜੇ ਸੁੱਤੀਆਂ ਕਲਾਂ ਜਗੌਨ ਲੱਗ ਪੇ।
ਮਹਾਰਾਣੀ ਵਿਕਟੋਰੀਆ ਕਿਹਾ ਸੀਗਾ,
ਉਹਦੇ ਹੁਕਮ ਦੇ ਤਾਈਂ ਗਵੌਨ ਲੱਗਪੇ।
ਧਰਮ ਕਿਸੇ ਦੇ ਵਿੱਚ ਨਾ ਦਖਲ ਦੇਣਾ,
ਉਸਦੀਮਿੱਟੀਜੇਆਪ ਉਡੌਨਲੱਗਪੇ॥੧॥
ਹਰੀ ਮੰਦਰ ਦੇ ਵਿੱਚ ਏਹ ਆਣ ਕਰਕੇ,
ਕਬਜ਼ੇ ਆਪਣੇ ਆਪ ਜਮੌਨ ਲੱਗ ਪੇ।
ਸੁੰਦਰ ਸਿੰਘ ਤੋਂ ਖੋਹਕੇ ਚਾਬੀਆਂ ਨੂੰ,
ਦਿਨ ਖੁਸ਼ੀ ਦੇ ਆਪ ਮਨੌਨ ਲੱਗ ਪੇ।

ਝੂਠ ਦੇਸ ਦੇ ਵਿੱਚ ਫੈਲਾਣ ਖਾਤਰ,
ਪਿੰਡਾਂ ਵਿੱਚ ਨੇ ਜਲਸੇ ਕਰੌਨ ਲੱਗ ਪੈ।
ਦਾਨ ਸਿੰਘ ਜੀ ਸਾਥੀਆਂ ਨਾਲ ਰਲਕੇ,
ਅੱਗੋਂ ਮੂੰਹ ਤੇ ਸੱਚ ਸੁਨੌਨ ਲੱਗ ਪੈ ॥੨॥
ਜਾਂ ਵੇਖਿਆ ਇਸਨੇ ਪੋਲ ਖੁੱਲ੍ਹਦਾ,
ਓਹਨੂੰ ਪਕੜਕੇ ਜੇਹਲ ਪੁਚਾਨ ਲੱਗਪੈ।
ਸਿੰਘ ਗੱਜਦੇ ਵੇਖ ਮੈਦਾਨ ਅੰਦਰ,
ਅਤੇ ਮੂੰਹ ਤੇ ਸੱਚ ਸੁਣਾਨ ਲੱਗ ਪੈ।
ਜੇਲ੍ਹ ਜੇਲ੍ਹ ਹੀ ਪਈ ਪੁਕਾਰਦੀ ਸੈਂ,
ਜੇਲ੍ਹ ਜਾਣ ਹੁਣ ਸੋਹਣੇ ਜਵਾਨ ਲੱਗਪੈ।
ਕੀਤਾ ਨੱਕ ਦੇ ਵਿੱਚ ਜਾਂ ਦੰਮ ਪੰਥੀ,
ਪੈਰੀਂ ਪੈਕੇ ਚਾਬੀ ਫੜਾਨ ਲੱਗ ਪੈ ॥੩॥

## ੧੯੨੨ ਦੀ ਝਾਕੀ
### ਨੰਬਰ ੬

# ਗੁਰੂ ਕੇ ਬਾਗ ਦਾ ਹਾਲ

ਸੁੰਦਰ ਦਾਸ ਮਹੰਤ ਬਦਕਾਰ ਵੱਡਾ,
ਜਾਕੇ ਓਸਦੀ ਮਦਦ ਕਰਾਂਵਦੇ ਨੇ।
ਪੰਜਾਂ ਸਿੰਘਾਂ ਦੇ ਤਾਈਂ ਏਹ ਪਕੜ ਕਰਕੇ,
ਛੇ ਮਹੀਨਿਆਂ ਹੁਕਮ ਸੁਨਾਂਵਦੇ ਨੇ।
ਡਾਕੂ ਆਖਕੇ ਜੇਹਲ ਦੇ ਵਿਚ ਸੁੱਟਨ,
ਧਰਮੀ ਬੰਦਿਆਂ ਤਾਈਂ ਸਤਾਂਵਦੇ ਨੇ।
ਜੇਹੜਾ ਜਾਂਵਦਾ ਗੁਰੂ ਕੇ ਬਾਗ ਵੱਲੇ,
ਓਹਨੂੰ ਮਾਰਕੇ ਧਰਤ ਲਿਟਾਂਵਦੇ ਨੇ ॥੧॥
ਲੰਗਰ ਤੇਰਾ ਤੇ ਤੇਰਾ ਹੀ ਬਾਗ ਓਥੇ,
ਪਾਪੀ ਮੁਫਤ ਦੀ ਲੱਤ ਅੜਾਂਵਦੇ ਨੀ।
ਸੰਗਤ ਜਾਂਵਦੀ ਜਦੋਂ ਸੀ ਲੈਣ ਬਾਲਣ,
ਓਹਨੂੰ ਪਕੜ ਗ੍ਰਿਫਤਾਰ ਕਰਾਂਵਦੇ ਨੀ।

ਦੋ ਸੌ ਭੇਜਕੇ ਜੇਹਲ ਦੇ ਵਿੱਚ ਧਰਮੀ,
ਪਿੱਛੋਂ ਉਲਟੀਆ ਰੋੜਾ ਰਚਾਂਵਦੇ ਨੀ ।
ਜੇਹੜਾ ਜਾਂਵਦਾ ਮਾਰਕੇ ਕਰਨ ਮੁਰਦਾ,
ਕਾਹਿਰਾਂ ਵਾਲੜੀ ਕਾਰ ਕਮਾਂਵਦੇ ਨੀ ।੨।
ਸੌ ਸਿੰਘ ਅਰਦਾਸ ਨੂੰ ਸੋਧ ਕਰਕੇ,
ਜਦੋਂ ਜਾਂਵਦਾ ਗੁਰੂ ਕੇ ਬਾਗ ਵੰਨੇ ।
ਬੀਟੀ ਜ਼ਾਲਮ ਕਚੈਹਰੀ ਦੇ ਕੋਲ ਜਾਕੇ,
ਮਾਰ ਉਨ੍ਹਾਂ ਦੇ ਵੇਖ ਲੋ ਹੱਡ ਭੰਨੇ ।
ਦੋ ਸੌ ਸਿੰਘ ਦੀ ਲਾਹਕੇ ਖੱਲ ਉਥੇ,
ਅੱਗੋਂ ਮੋਰਚੇ ਨੈਹਰ ਦੇ ਪੁੱਲ ਬੰਨੇ ।
ਆਣ ਮਾਲਵੀ ਜਦੋਂ ਫਿਟਕਾਰ ਪਾਈ,
ਬੀਟੀ ਵੇਖਦਾ ਓਸਦੇ ਝੁੱਲੂ ਵੰਨੇ ॥੩॥
ਸੋਲ਼ਾਂ ਸੌ ਨੂੰ ਮਾਰਕੇ ਮਾਰ ਝਾੜੀ,
ਪਿਛੋਂ ਹੋਰ ਹੀ ਕਲਾ ਵਰਤੌਨ ਲੱਗਪਏ ।
ਛੇ ਹਜ਼ਾਰ ਨੂੰ ਡੱਕਕੇ ਜੇਹਲ ਅੰਦਰ,

ਕੋਹਲੂ ਚੱਕੀ ਖਰਾਸ ਭਿਔਨ ਲੱਗ ਪਏ।
ਸਾਂਈਆਂ ਵੇਖ ਲੈ ਜ਼ੁਲਮ ਦੀ ਹੱਦ ਹੋਈ,
ਨਾਮ ਤੇਰਾ ਵੀ ਸਾਥੋਂ ਛੁਡੌਨ ਲੱਗ ਪਏ।
ਬੇੜਾ ਪਾਰ ਕਰ ਦੇ ਸਾਂਈਂ ਮੇਹਰ ਕਰਕੇ,
ਮਸਤ ਹਿੰਦੀਆਂ ਤਾਂਈਂ ਸਤੌਨ ਲੱਗ ਪਏ।੪।

੮-੭-੨੩ ਦੀ ਝਾਕੀ

ਨੰਬਰ ੭

# ਮਹਾਰਾਜਾ ਨਾਭਾ ਤਖਤੋਂ ਅਲੈਹਦਾ

ਮਹਾਰਾਜ ਰਿਪੁਦੱਮਨ ਸਿੰਘ ਸੋਹਣਾ,
ਤੇਰੇ ਪੰਥ ਦਾ ਬਾਂਕਾ ਸਰਦਾਰ ਸਾਂਈਆਂ।
ਤੇਰਾ ਘਰ ਨੇ ਮੇਰਾ ਸੀ ਘਰ ਹੋਇਆ,
ਉਸ ਘਰ ਦਾ ਏ ਸੇਵਾਦਾਰ ਸਾਂਈਆਂ।
ਤੇਰੀ ਦਾਤ ਦਸਤਾਰ ਤੇ ਕੇਸ ਕੰਘਾ,

ਰੱਖੇ ਚਿੱਤ ਦੇ ਵਿਚ ਸੰਭਾਰ ਸਾਈਆਂ ।
ਸੇਵਾ ਪੰਥ ਦੀ ਚਿੱਤ ਦੇ ਵਿਚ ਬਹੁਤੀ,
ਅਤੇ ਧਰਮੀਆਂ ਨਾਲ ਪਿਆਰ ਸਾਈਆਂ ।੧।
ਦਾਬੇ ਮਾਰਕੇ ਓਹਨੂੰ ਡਰਾਨ ਲੱਗ ਪਏ,
ਨਿਮਕ ਖਾ ਹਰਾਮ ਕਮਾਨ ਵਾਲੇ ।
ਹੁਕਮ ਲਿਖਦੇ ਕਲਮ ਦੇ ਨਾਲ ਛੇਤੀ,
ਰਾਜ ਛਡਕੇ ਬਾਹਰ ਹੋ ਜਾਨ ਵਾਲੇ ।
ਜੇਹੜਾ ਜਾਂਵਦਾ ਦੁੱਖ ਵੰਡਾਨ ਖਾਤਰ,
ਓਹਨੂੰ ਮਿਲਣ ਨਾ ਦੇਣ ਅਮਾਨ ਵਾਲੇ ।
ਐਸੇ ਕੰਮ ਜੋ ਨਿਮਕ ਹਰਾਮੀਆਂ ਦੇ,
ਮਾਲਕ ਆਪਣਾ ਕੈਦ ਕਰਾਨ ਵਾਲੇ ॥੨॥
ਓਸ ਦੂਲੇ ਨੂੰ ਵੇਖ ਲੋ ਪਾਪੀਆਂ ਨੇ,
ਦਿੱਤਾ ਦੇਸ ਤੋਂ ਬਾਹਰ ਦਰਕਾਰ ਸਾਈਆਂ।
ਪਾਪ ਦੇਸ ਦੇ ਵਿਚ ਫੈਲਾਉਨ ਖਾਤਰ,
ਧਰਮੀ ਜੀਊੜੇ ਨੂੰ ਕਰਨ ਖ੍ਵਾਰ ਸਾਈਆਂ,

ਉਜਾਂ ਝੂਠੀਆਂ ਲਾਂਵਦੇ ਦੋਸ ਉੱਤੇ,
ਕੈਹਣ ਚੋਰ ਤੇ ਯਾਰ ਬਦਕਾਰ ਸਾਈਆਂ ।
ਡੇਰਾਦੂਨ ਦੇ ਵਿਚ ਜੋ ਕੈਦ ਕਰਕੇ,
ਦੇਂਦੇ ਉਸਦੇ ਤਾਈਂ ਏ ਡਾਰ ਸਾਈਆਂ।੩।
ਏਨੂੰ ਪੁਛਿਆ ਅਸਾਂ ਨੇ ਬਹੁਤ ਵਾਰੀ,
ਸਾਨੂੰ ਦੱਸ ਖਾਂ ਏਹਦਾ ਕਸੂਰ ਅੜਿਆ।
ਕੇਹੜੇ ਜ਼ੁਲਮ ਦੇ ਵਿੱਚ ਤੂੰ ਕੈਦ ਕੀਤਾ,
ਸਾਨੂੰ ਦੱਸ ਖਾਂ ਓਹ ਦਸਤੂਰ ਅੜਿਆ ।
ਐਪਰ ਏਸਨੇ ਮੋਨ ਹੀ ਧਾਰ ਛੱਡੀ,
ਜਿਵੇਂ ਸਾਧੂਆਂ ਹੈ ਦਸਤੂਰ ਅੜਿਆ ।
ਏਨ ਚੁੱਪ ਵੱਟੀ ਸਿੰਘਾਂ ਲੱਕ ਬੰਨ੍ਹੇ,
ਤੈਨੂੰ ਪੁੱਛਣਾ ਅਸਾਂ ਜ਼ਰੂਰ ਅੜਿਆ ।੪।
ਨਾਲ਼ ਮਟਕ ਮਜਾਜ਼ ਦੇ ਬੋਲ ਅੱਗੋਂ,
ਕੈਂਹਦਾ ਅਦਲ ਇਨਸਾਫ਼ਨਾ ਕਰੇ ਰਾਜਾ।
ਰੱਈਯਤ ਆਪਣੀ ਤਾਈਂ ਏ ਤੰਗ ਕਰਕੇ,

ਜ਼ੁਲਮ ਦੂਜੇ ਦੇ ਸਿਰਾਂ ਤੇ ਧਰੇ ਰਾਜਾ।
ਮਹਾਰਾਜ ਪਟਿਆਲੇ ਦੇ ਰਾਜ ਅੰਦਰ,
ਨਿੱਤ ਆਨ ਉਪਾਧੀਆਂ ਕਰੇ ਰਾਜਾ।
ਡੱਕੇ ਮਾਰਕੇ ਔਰਤਾਂ ਪਕੜ ਲੈਂਦਾ,
ਪਟਜਾਲਾਪੁਲਸ ਤੇ ਫੈਰ ਜੈ ਕਰੇਗਾ ਜਾਪਾ।
ਜਾਂ ਪੁੱਛਿਆ ਆਣਕੇ ਅਸਾਂ ਏਹਨੂੰ,
ਰਾਜ ਛੱਡਕੇ ਬਾਹਰ ਹੋ ਜਾਂਵਦਾਏ।
ਕਹਿੰਦਾ ਹੱਕ ਨਹੀਂ ਏਸਦੇ ਨਾਲ ਮੇਰਾ,
ਪੁੱਤਰ ਆਪਣਾ ਗੱਦੀ ਬਠਾਂਵਦਾਏ।
ਏਹਦੇ ਵਿੱਚ ਕੀ ਹੈ ਕਸੂਰ ਸਾਡਾ,
ਮੁਲਕ ਐਵੇਂ ਹੀ ਰੌਲਾ ਜੋ ਪਾਂਵਦਾਏ।
ਨਾਲ ਕਲਮ ਦੇ ਲਿਖਕੇ ਦੇਹ ਸਾਨੂੰ,
ਰਾਜ ਹੱਥ ਤੁਹਾਡੇ ਫੜਾਂਵਦਾਏ॥ ੬ ॥
ਜ਼ੁਲਮ ਕਰਨ ਤੇ ਹੋਣ ਅਖੀਰ ਸੱਚੇ,
ਕਹਿੰਦੇ ਦੋਸ਼ ਨਹੀਂ ਅਸਾਂਦੇ ਵਿੱਚ ਸਾਈਂ।

ਟਿਕਾ ਹੈ ਮਸੂਮ ਜੋ ਅਜੇ ਬੱਚਾ,
ਰਯਤ ਏਸਦੀ ਹੋਵੇ ਨਾ ਜਿੱਚ ਸਾਈਂ ।
ਏਸ ਵਾਸਤੇ ਅਸਾਂ ਨੇ ਹੱਥ ਪਾਯਾ,
ਕੰਮ ਧਰਮ ਦੇ ਕਰਾਂਗੇ ਵਿੱਚ ਸਾਈਂ ।
ਇਹੋ ਜਹੇ ਫਕੌਂਸਲੇ ਦੱਸ 'ਪੰਛੀ',
ਅਤੇ ਜ਼ੁਲਮ ਕਮਾਂਵਦੇ ਨਿੱਤ ਸਾਈਂ ॥੮॥

### ੧੯੨੩ ਦੀ ਝਾਕੀ
### ਨੰਬਰ ੯

# ਸ਼੍ਰੋ: ਕਮੇਟੀ ਨੂੰ ਗ੍ਰਿਫਤਾਰ ਕਰਨਾ ਤੇ ਬਾਗੀ ਕਰਾਰ ਦੇਣਾ

ਆ ਵੇਖ ਲੈ ਮਾਲਕਾ ! ਦੇਸ ਅੰਦਰ,
ਜ਼ਾਲਮ ਨਿੱਤ ਹੀ ਸਾਨੂੰ ਵੰਗਾਰਦੇ ਨੀ ।

ਨਾਭੇ ਪਤੀ ਨੂੰ ਲਾਹਕੇ ਤਖਤ ਉਤੋਂ,
ਤੇਰੇ ਪੰਥ ਨੂੰ ਕਿਵੇਂ ਵੰਗਾਰਦੇ ਨੀ।
ਜ਼ਰਾ ਵੇਖ ਲੌ ਤੁਸੀਂ ਇਨਸਾਫ ਵਾਨੋਂ !
ਜ਼ਾਲਮ ਕਿਸਤਰਾਂ ਜ਼ੁਲਮ ਗੁਜ਼ਾਰਦੇ ਨੀ।
ਆਗੂ ਪਕੜਕੇ ਜੇਹਲ ਦੇ ਵਿੱਚ ਸੁੱਟਣ,
ਅਤੇ ਪੰਥ ਨੂੰ ਬਾਗ਼ੀ ਉਚਾਰਦੇ ਨੀ ॥੧॥
ਬਾਗ਼ੀ ਆਪ ਤੇ ਆਖਦਾ ਹੈਂ ਸਾਨੂੰ,
ਛਾਤੀ ਮਾਰ ਖਾ ਜਿਗਰਦੇ ਵਿੱਚਅੜਿਆ।
ਅੰਤਮ ਪਾਤਸ਼ਾਹ ਸਾਡੇ ਦਲੀਪ ਸਿੰਘਨੂੰ,
ਕਿਵੇਂ ਲੁੱਟ ਵਲੈਤ ਦੇ ਵਿੱਚ ਖੜਿਆ।
ਤਖਤੋਂ ਲਾਹਕੇ ਓਸ ਮਸੂਮ ਤਾਈਂ,
ਕਿਵੇਂ ਆਣ ਪੰਜਾਬ ਦੇ ਵਿੱਚ ਵੜਿਆ।
ਓਸ ਵੇਲੇ ਨਾ ਕਿਸੇ ਨੇ ਬਾਤ ਪੁਛੀ,
ਤਾਹੀਓਂ ਆਣਕੇ ਨਾਭੇ ਦੇ ਵਿੱਚ ਵੜਿਆ ੨।
ਨੌਕਰਸ਼ਾਹੀ ਦੀ ਝਾਕੀਆਂ ਵੇਖ ਕਰਕੇ,

ਕੀਤਾ ਪੰਥ ਨੇ ਏਹ ਐਲਾਨ ਸਾਈਆਂ।
ਨਾਵੇਂ ਗੁਰੂ ਦੇ ਸੋਹਣੇ ਪੁਰਬ ਉੱਤੇ,
ਪੰਜ ਪਾਠ ਜੇ ਸਾਰੇ ਕਰਾਨ ਸਾਈਆਂ।
ਏਸੇ ਜ਼ੁਲਮ ਦੇ ਵਿੱਚ ਹੀ ਜਕੜ ਕਰਕੇ,
ਪੰਥ ਸਾਰੇ ਨੂੰ ਬਾਗ਼ੀ ਸੁਣਾਨ ਸਾਈਆਂ।
ਜੇਹੜਾ ਕੱਢਦਾ ਸੱਚੀ ਅਵਾਜ਼ ਮੂੰਹੋਂ,
ਓਹਨੂੰ ਪਕੜਕੇ ਪਿੰਜਰੇ ਪਾਨ ਸਾਈਆਂ।੩।
ਬਾਗ਼ੀ ਆਖਕੇ ਪੰਥ ਸਿਰੋਮਣੀ ਨੂੰ,
ਅਕਾਲੀ ਦਲ ਨੂੰ ਕਿਵੇਂ ਸਤਾਨ ਲੱਗ ਪੈ।
ਮਦਦ ਏਸਦੀ ਕਰੇ ਨਾ ਕੋਈ ਬੰਦਾ,
ਦਾਬੇ ਮਾਰਕੇ ਵੇਖ ਡਰਾਨ ਲੱਗ ਪੇ।
ਜੇਹੜਾ ਆਣਕੇ ਦੇਂਵਦਾ ਇਕ ਪੈਸਾ,
ਉੱਤੇ ਡੰਡਾ ਕਾਨੂੰਨ ਚਲਾਨ ਲੱਗ ਪੇ।
ਸਾਡੇ ਹੋਦਿਆਂ ਦੇਸ ਦੇ ਵਿੱਚ ਤੁਸੀਂ,
ਕਿਉਂ ਆਪਣਾ ਧਰਮ ਨਭਾਨ ਲੱਗ ਪੇ।੪।

ਰਿਹਾ ਡਰ ਨਾ ਤੁਸਾਂ ਨੂੰ ਹੈ ਸਾਡਾ,
ਤਾਹੀਓਂ ਮੂੰਹ ਤੇ ਸੱਚ ਸੁਨਾਨ ਲੱਗ ਪਏ।
ਬੇਇਤਫਾਕੀ ਨੂੰ ਪੁੱਟਕੇ ਦੇਸ਼ ਵਿਚੋਂ,
ਕਿਵੇਂ ਏਕਤਾ ਤੁਸੀਂ ਚਲਾਨ ਲੱਗ ਪਏ।
ਬਾਗੀ ਆਖਕੇ ਧਰਮ ਦੇ ਬੰਦਿਆਂ ਨੂੰ,
ਅਤੇ ਪਾਪੀਆਂ ਵੇਖ ਫੈਲਾਨ ਲੱਗ ਪਏ।
ਮਸਤ ਰਾਤ ਕਾਨੂੰਨ ਦੀ ਡੈਨ ਅੰਦਰ,
ਮੁਲਕੀਆਗੂਆਂ ਤਾਈਂ ਫਸਾਨ ਲੱਗ ਪਏ੪

੨-੨੧-੨੪ ਦੀ ਝਾਕੀ

ਨੰਬਰ ੯

# ਗੁਰਦੁਆਰਾ ਗੰਗਸਰ ਅਰਥਾਤ ਖਾਲਸੇ ਦੀ ਕਤਲਗੜ੍ਹੀ ਦਾ ਹਾਲ

ਗੀਡਿੰਗਅਦਲਇਨਸਾਫਦਾਤੁੱਕਪੜਦਾ,

ਖੇਲ ਨਵੇਂ ਹੀ ਨਵੇਂ ਦਖਾਵੰਦਾਏ।
ਵੇਖ ਨਾਭੇ ਨੂੰ ਤਖਤ ਤੋਂ ਕਿਤੇ ਲਾਹਕੇ,
ਅਤੇ ਹੱਥ ਕਮੇਟੀ ਨੂੰ ਪਾਵੰਦਾਏ।
ਕਦੇ ਚਾਬੀਆਂ ਖੋਹਣ ਨੂੰ ਚਿੱਤ ਕਰਦਾ,
ਕਦੇ ਵੱਲ ਨਨਕਾਣੇ ਦੇ ਜਾਵੰਦਾਏ।
ਝਾਕੀ ਦੱਸਕੇ ਗੁਰੂ ਦੇ ਬਾਗ ਅੰਦਰ,
ਜੈਤੋ ਵਿੱਚ ਏਹ ਸੀਨ ਵਖਾਵੰਦਾਏ ॥੧॥
ਉੱਨੀ ਸੌ ਜੋ ਤੇਈ ਦੇ ਵਿਚ ਆਕੇ,
ਅਮਲੀ ਕਿਵੇਂ ਇਨਸਾਫ ਵਖਾਵੰਦਾਏ।
ਖੰਡਨ ਕਰਕੇ ਵੇਖ ਲੌ ਪਾਠ ਸਾਡਾ,
ਪਾਪੀ ਪਾਪ ਏ ਕਿਵੇਂ ਕਮਾਵੰਦਾਏ।
ਸਿੰਘ ਪਕੜਕੇ ਭਰੇ ਦੀਵਾਨ ਵਿਚੋਂ,
ਪਹਿਰਾ ਆਪਣਾ ਓਥੇ ਲਗਾਵੰਦਾਏ।
ਜੇਹੜਾ ਜਾਂਵਦਾ ਪਾਠ ਦੇ ਕਰਨ ਖਾਤਰ,
ਉਹਨੂੰ ਮਾਰਕੇ ਧਰਤ ਲਿਟਾਂਵਦਾਏ ॥੨॥

ਤੀਰ ਮਾਰਕੇ ਵੇਖ ਬੇਦਰਦ ਪਹਿਲਾਂ,
ਪਿੱਛੋਂ ਲੂਣ ਦੇ ਤਾਈਂ ਛਿੜਕਾਂਵਦਾਏ।
ਅਖੰਡ ਪਾਠ ਨੂੰ ਜਾਰੀ ਕਰਾਣ ਬਦਲੇ,
ਜੱਥਾ ਪੰਥੀਆਂ ਦਾ ਰੋਕ ਹੀ ਜਾਂਵਦਾਏ।
ਏਸੇ ਤਰਾਂ ਹੀ ਗੁਜ਼ਰ ਗਏ ਮਾਂਹ ਪੰਜੇ,
ਤਰਸ ਏਸਨੂੰ ਮੂਲ ਨਾ ਆਂਵਦਾਏ।
ਜੱਥੇ ਸੁੱਟਦਾ ਵੇਖ ਉਜਾੜ ਜਾਕੇ,
ਜੋੜੇ ਪੈਰਾਂ ਤੋਂ ਕਿਵੇਂ ਲਹਾਂਵਦਾਏ ॥੩॥
ਨੌਂ ਫਰਵਰੀ ਰਾਤ ਬਸੰਤ ਸੋਹਣੀ,
ਸਿੰਘ ਪੰਜ ਸੌ ਤਿਆਰ ਹੋ ਜਾਂਵਦਾਏ।
ਸ਼ਾਂਤ ਮਈ ਦਾ ਧਾਰਕੇ ਪ੍ਰਣ ਸੋਹਣਾ,
ਕਦਮ ਜੈਤੋ ਦੇ ਵੱਲ ਉਠਾਂਵਦਾਏ।
ਸੀਸ ਤਲੀ ਤੇ ਰੱਖਕੇ ਧਰਮ ਖਾਤਰ,
ਗਲੀ ਪਿਆਰੇ ਦੀ ਇਸਤਰਾਂ ਜਾਂਵਦਾਏ।
ਨਾਲ ਲੈਕੇ ਗੁਰਾਂ ਦੀ ਦੇਹ ਪਰਗਟ,

ਰੰਗ ਅਜਬ ਹੀ ਪਿਆ ਦਿਖਾਂਵਦਾ ਏ॥੪॥
ਏਧਰ ਜਾਂਵਦੇ ਪਾਠ ਦੇ ਕਰਨ ਬਦਲੇ,
ਓਧਰ ਨਵੇਂ ਹੀ ਢੰਗ ਰਚਾਂਵਦਾ ਏ।
ਏਧਰ ਬੇਹਥਿਆਰ ਅਲਮਸਤ ਜਾਂਦੇ,
ਓਧਰ ਮੋਰਚੇ ਨਵੇਂ ਬਨਾਂਵਦਾ ਏ।
ਏਧਰ ਨਾਮ ਦੀ ਵੇਖ ਲੌ ਚੜ੍ਹੀ ਮਸਤੀ,
ਓਧਰ ਕਿਵੇਂ ਸ਼ਰਾਬ ਪਿਲਾਂਵਦਾ ਏ।
ਏਧਰ ਚਾ ਸ਼ਹੀਦੀਆਂ ਪਾਣ ਵਾਲਾ,
ਓਧਰ ਫੌਜਾਂ ਦੇ ਤਾਈਂ ਬੁਲਾਂਵਦਾ ਏ॥੫॥
ਜਥਾ ਜਾਂਵਦਾ ਜੈਤੋ ਦੇ ਵੱਲ ਜਦੋਂ,
ਓਹਨੂੰ ਰਸਤੇ ਵਿੱਚ ਅਟਕਾਂਵਦੇ ਨੀ।
ਹੁਕਮ ਦੇਂਵਦੇ ਪਿੱਛਾਂ ਨੂੰ ਮੁੜਨ ਬਦਲੇ,
ਡਰ ਗੋਲੀ ਦਾ ਨਾਲੇ ਸੁਨਾਂਵਦੇ ਨੀ।
ਮਿੱਤਰ! ਇਕ ਨਹੀਂ ਮੰਨਣੀ ਗੱਲ ਤੇਰੀ,
ਮੂੰਹੋਂ ਕਢ ਜਵਾਬ ਸੁਨਾਂਵਦੇ ਨੀ।

ਡਰ ਦੇਂਵਦਾ ਗੋਲੀ ਦਾ ਹੈਂ ਜੇਹੜਾ,
ਉਹਦੇ ਲਈ ਜੋ ਛਾਤੀਆਂ ਡਾਂਵਦੇਨੀ॥੬॥
ਗੱਲ ਸੁਣਦਿਆਂ ਸਾਰ ਜੋ ਅੱਗ ਲੱਗੀ,
ਝੰਡੀ ਕੱਢਕੇ ਵੇਖੋ ਹਲਾਨ ਲੱਗ ਪੈ।
ਏਧਰ ਵਾਹਿਗੁਰੂ ਬੋਲਕੇ ਜਾਨ ਅੱਗੇ,
ਓਧਰ ਗੋਲੀਦਾ ਮੀਂਹ ਬਰਸਾਨਲੱਗਪੈ।
ਮੋਏ ਜੀਉਂਦਿਆਂ ਜ਼ਖਮੀਆਂ ਤਾਈਂ ਫੜਕੇ,
ਡਾਂਗ ਉਨ੍ਹਾਂ ਤੇ ਕਿਵੇਂ ਚਲਾਨ ਲੱਗਪੈ।
ਇਕ ਇਕ ਨੂੰ ਮਾਰਦੇ ਚਾਰ ਰਲਕੇ,
ਮੁਸ਼ਕਾਂ ਬੰਨ੍ਹਕੇ ਕਿਲੇ ਪੁਚਾਨ ਲੱਗਪੈ॥੭॥
ਜੀਂਦਾ ਕਿੱਚਲੂ ਸਾਥੀਆਂ ਨਾਲ ਰਲਕੇ,
ਸਿੰਘ ਕੀਤੂ ਸ਼ਹੀਦੀਆਂ ਪਾਨ ਲੱਗ ਪੈ।
ਸੋਹਣਾ ਸਮਝਕੇ ਪੁਰਬ ਵਿਹਾਰਕਾਏ,
ਲਛਮਨਸਿੰਘ ਦੀ ਯਾਦ ਮਨਾਣਲੱਗਪੈ।
ਲਾਟ ਪੰਥ ਦੀ ਤੇਜ਼ ਕਰਨ ਬਦਲੇ,

NATIONAL ARCHIVES LIBRARY
No 1965
Date 1-2-72

ਜ਼ੁਲਮ ਲਾਟ ਨੂੰ ਕਿਵੇਂ ਬੁਝਾਨ ਲੱਗ ਪੈ
ਜਦੋਂ ਵੇਖਿਆ ਸਿੰਘ ਸ਼ਹੀਦ ਹੁੰਦੇ,
ਮੂੰਹੋਂ ਧੰਨ ਹੀ ਧੰਨ ਸੁਨਾਨ ਲੱਗ ਪੈ ॥੯॥
ਜ਼ੁਲਮ ਕਰਨ ਤੇ ਹੋਣ ਅਖੀਰ ਸੱਚੇ,
ਘੱਟਾ ਅੱਖੀਆਂ ਦੇ ਵਿੱਚ ਪਾਨ ਲੱਗ ਪੈ
ਝੂਠਾ ਕੱਢਕੇ ਇਕ ਏਲਾਨ ਸਾਈਆਂ,
ਝੂਠ ਦੇਸ ਦੇ ਵਿੱਚ ਫੈਲਾਨ ਲੱਗ ਪੈ।
ਪੈਹਲਾਂ ਕੀਤਾ ਸੀ ਸਿੰਘਾਂ ਨੇ ਫੇਰ ਆਕੇ,
ਪਿੱਛੋਂ ਅਸੀਂ ਭੀ ਗੋਲੀ ਚਲਾਨ ਲੱਗ ਪੈ।
ਜੇਹੜਾ ਜਾਂਵਦਾ ਸੱਚ ਦੇ ਪਰਖਣੇ ਨੂੰ,
ਉਹਨੂੰ ਪਕੜਕੇ ਪਿੰਜਰੇ ਪਾਨ ਲੱਗ ਪੈ॥੧੦॥
ਟਿੱਡੇ ਸਮਝਕੇ ਓਸਨੇ ਸ਼ਮਾਂ ਬਾਲੀ,
ਡਰਕੇ ਏਸ ਤੋਂ ਪਿਛਾਂ ਹੋ ਜਾਨ ਸਾਰੇ।
ਪਤਾ ਨਹੀਂ ਜੋ ਅਸਲ ਪਤੰਗੜੇ ਨੇ ਉਹ,
ਅੰਗ ਆਪਨੇ ਕਿਵੇਂ ਜਲਾਨ ਸਾਰੇ।

ਛਾਟ ਨਿੱਕਲੀ ਵੇਖਕੇ ਜ਼ੁਲਮ ਵਾਲੀ,
ਉਹਦੇ ਉੱਤੇ ਸ਼ਹੀਦੀਆਂ ਪਾਨ ਸਾਰੇ।
ਉਹਨੂੰ ਪੁੱਟਕੇ ਆਪਨੇ ਦੇਸ ਵਿੱਚੋਂ,
ਡੂੰਘੇ ਵਿੱਚ ਸਮੁੰਦਰ ਰੁੜ੍ਹਾਨ ਸਾਰੇ।੧੦।

# ਅੰਗ੍ਰੇਜ਼ਾਂ ਨੇ ਪੰਜਾਬ ਕਿੱਕੁਣ ਲੀਤਾ?

ਇਸ ਅਤਜੰਤ ਸੁਆਦਲੀ ਪੁਸਤਕ ਿ ਚ ਹੇਠ ਲਿਖੇ ਹਾਲ ਦਰਜ ਹਨ:—

ਅੰਗ੍ਰੇਜ਼ਾਂ ਤੇ ਸਿੱਖਾਂ ਦੇ ਜੰਗ ਕਿਉਂ ਹੋਏ?
ਇਨ੍ਹਾਂ ਜੰਗਾਂ ਦਾ ਜ਼ਿੰਮੇਵਾਰ ਕੌਣ ਸੀ?
ਪਹਿਲੀ ਤੇ ਦੂਜੀ ਲੜਾਈ ਦੇ ਗੁੱਝ ਭੇਤ।
ਅਹਿਲਕਾਰ ਤੇ ਨਾਗਨੀ ਮਾਇਆ।
ਰਾਣੀ ਜਿੰਦਾਂ ਦੀ ਸਿਰ ਬੀਤੀ ਕਥਾ।
ਅਬਲਾ ਜਿੰਦਾਂ ਨਾਲ ਧ੍ਰੋਹ। ਮ: ਦਲੀਪ ਸਿੰਘ ਤੇ ਤੇਜਾ ਸਿੰਘ।
ਮਹਾਰਾਜਾ ਦਲੀਪ ਸਿੰਘ ਇੱਕ ਅਧਜਾਪਕ ਕੋਲ।

ਮਹਾਰਾਜਾ ਦਲੀਪ ਸਿੰਘ ਮਿਸਟਰ ਦਲੀਪ ਕਿੱਕਣ ਬਣਿਆ ?

ਮਿਸਟਰ ਦਲੀਪ ਨੂੰ ਵੈਸਰਾਏ ਵਲੋਂ ਅੰਜੀਲ ਦਾ ਤੋਹਫਾ ?

ਮਿਸਟਰ ਦਲੀਪ ਵਲਾਇਤ ਨੂੰ ।

ਰਾਣੀ ਜਿੰਦਾਂ ਤੇ ਮਿਸਟਰ ਦਲੀਪ ਦਾ ਮਿਲਾਪ ।

ਮਿਸਟਰ ਦਲੀਪ ਦੀ ਈਸਾਈ ਮਤ ਤੋਂ ਘ੍ਰਿਣਾ ।

ਜਿੰਦਾਂ ਪੁੱਤਰ ਤੋਂ ਅੱਡ ਕਰ ਦਿਤੀ ਗਈ । ਮਿਸਟਰ ਦਲੀਪ ਦਾ ਖਾਲਸੇ ਵੱਲ ਸੁਨੇਹਾ । ਮਿਸਟਰ ਦਲੀਪ ਹਿੰਦ ਵੱਲ ।

ਮਿਸਟਰ ਦਲੀਪ ਦੀ ਅਦਨ ਤੋਂ ਵਾਪਸੀ, ਫਰਾਂਸ ਦਾ ਸਫਰ, ਜਰਮਨ ਵਿੱਚ ਮੁਕਾਮ, ਰੂਸ ਦੇ ਵਜ਼ੀਰ ਨਾਲ ਗੱਲਾਂ, ਮਿਸਟਰ ਦਲੀਪ ਦੀ ਆਪਣੇ ਹੱਕਾਂ ਲਈ (ਟਾਈਮਜ਼) ਨੂੰ ਚਿੱਠੀ ਆਦਿ ਬੜੇ ਦਰਦਨਾਕ ਤੇ ਅਸਚਰਜਤਾ ਭਰੇ ਹਾਲ, ਤਸਵੀਰ ਸਮੇਤ ਮੁੱਲ ਕੇਵਲ ੧।।) ਅਸਲੀ ਕਿਤਾਬ ਟਾਹਲਦਾਰ ਲਿਖਤ ਲੈਣੀ, ਨਕਲ ਤੋਂ ਬਚਣਾ ।

ਸੋਲ ਏਜੰਟ—

**ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਬਾਗ਼ੀ ਹਿੰਦੁਸਤਾਨ

ਅਰਥਾਤ

## ਖੂਨੀ ਗਦਰ ਅਜੀਬ ਨਵਾਂ ਪੁਸਤਕ

ਇਹ ਇਕ ਬੜੀ ਹੀ ਅਦਭੁਤ ` ਆਪਨੀ ਤਰਾਂ ਦੀ ਪਹਿਲੀ ਕਿਤਾਬ ਪੰਜਾਬੀ ਬੋਲੀ ਵਿੱਚ ਹੈ,ਇਸਦੇ ਵਿੱਚ ਦੁਖੀ ਹਿੰਦ ਦੀ ਦਰਦ ਭਰੀ ਕਹਾਣੀ, ਭਾਰਤ ਦੀ ਗੁਲਾਮੀ ਦੀ ਸ਼ੋਕ ਦਾਇਕ ਵਿੱਥਯਾ, ਅੰਗ੍ਰੇਜ਼ਾਂ ਦੀ ਅਕਲ ਦੇ ਪੇਚ, ਦੇਸੀ ਰਾਜਿਆਂ ਦੀਆਂ ਰਿਆਸਤਾਂ ਖੋਹਣ ਦੇ ਢੰਗ, ਰਾਜਿਆਂ, ਨਵਾਬਾਂ ਦੇ ਇਲਾਕੇ ਦਬਾਨ ਦੀਆਂ ਚਾਲਾਂ, ਜ਼ਿਮੀਦਾਰਾਂ ਨੂੰ ਕਮਜ਼ੋਰ ਕਰਨ ਦੀ ਵਾਰਤਾ, ਹਿੰਦੀ ਕਾਰੀਗਰੀ ਨਸ਼ਟ ਕਰਨ ਦੇ ਦਾਉ, ਹਿੰਦੀਆਂ ਨੂੰ ਹਿੰਦੀਆਂ ਨਾਲ ਲੜਾਨ ਦੇ ਗੁੱਝੇ ਭੇਦ ਖੋਹਲਕੇ ਦਸਦੇ ਹੋਏ ਵਿਸਥਾਰ ਨਾਲ ਦਸਿਆ ਗਿਆ ਹੈ ਕਿ ਅੰਗ੍ਰੇਜ਼ੀ ਰਾਜ ਹਿੰਦ ਵਿੱਚ ਕਿੱਕੁਣ ਕਾਇਮ ਹੋਯਾ, ਫੌਜਾਂ ਵਿੱਚ ਬੇਚੈਨੀ ਕਿਉਂ ਫੈਲੀ ਤੇ ੧੮੫੭ ਦਾ ਖੂਨੀ ਗ਼ਦਰ ਕਿੱਕੁਣ ਹੋਯਾ ਤੇ ਕਿੱਥੇ ੨ ਹੋਯਾ ? ਪੂਰੇ੨ ਹਾਲ ਦਰਜ ਹਨ ।

ਇਹ ਇਕ ਇਤਹਾਸਕ ਪੁਸਤਕ ਹੈ, ਬੜੀ ਖੋਜ ਨਾਲ ਲਿਖੀ ਗਈ ਹੈ, ਅੱਠ ਖੂਬ ਸੂਰਤ ਤਸਵੀਰਾਂ, ੩੧੦ ਸਫੇ ਤੇ ਜਿਲਦ ਸੋਹਣੀ ਦੇ ਹੁੰਦਿਆਂ ਵੀ ਮੁਲ ਕੇਵਲ ੧।)

ਨੋਟ—ਪੁਸਤਕ ਲੈਣ ਵੇਲੇ ਟਹਿਲ ਹਰ ਲਿਖਤ ਵੇਖ ਲੈਣਾ । ਪ੍ਰਾਰਬਕ—ਠਾਕਰ ਸਿੰਘ ਸੂਦ। ਪੁਸਤਕ ਮਿਲਨ ਦਾ ਪਤਾ—ਸੋਲ ਏਜੰਟ **ਭਾਈ ਚਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ